بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡد

لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਸੁਲਹ ਹੁਦੈਬਿਆ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼ਤੁਲ ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 06 ਦਿਸੰਬਰ 2024 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਕਿ ਸੁਲਹ ਹੁਦੈਬਿਆ ਦੇ ਜ਼ਿਕਰ ਵਿੱਚ ਅੱਜ ਮੈਂ ਕੁੱਝ ਹੋਰ ਵਿਸਥਾਰ ਬਿਆਨ ਕਰਾਂਗਾ।

ਸੀਰਤ ਖ਼ਾਤਮੁੰਨ ਨਬਿੱਯੀਨ ਵਿੱਚ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਲਿਖਦੇ ਹਨ ਕਿ ਸੰਧੀਆਂ ਵਿੱਚ ਤੇੜਾਂ ਰਹਿ ਜਾਇਆ ਕਰਦੀਆਂ ਹਨ ਜਿਹੜੀਆਂ ਕਿਸੇ ਵੇਲੇ ਬਾਅਦ ਵਿੱਚ ਅਹਿਮ ਨਤੀਜਿਆਂ ਦਾ ਕਾਰਣ ਬਣ ਜਾਂਦੀਆਂ ਹਨ। ਫਲਸਰੂਪ ਇਸ ਸੰਧੀ ਵਿੱਚ ਵੀ ਤੇੜ ਰਹਿ ਗਈ ਸੀ। ਇਸ ਸੰਧੀ ਵਿੱਚ ਭਾਂਵੇਂ ਮੁਸਲਮਾਨ ਮਰਦਾਂ ਦੀ ਵਾਪਸੀ ਦੇ ਬਾਰੇ ਸਾਫ਼ ਜ਼ਿਕਰ ਸੀ ਪਰ ਮੁਸਲਮਾਨ ਔਰਤਾਂ ਦਾ ਕੋਈ ਜ਼ਿਕਰ ਨਹੀਂ ਸੀ।

ਹਾਲੇ ਸੰਧੀ ‘ਤੇ ਥੋੜਾ ਸਮਾਂ ਹੀ ਲੰਘਿਆ ਸੀ ਕਿ ਕੁੱਝ ਮੁਸਲਮਾਨ ਔਰਤਾਂ ਮੱਕਾ ਦੇ ਕਾਫ਼ਿਰਾਂ ਕੋਲੋਂ ਛੁੱਟ ਕੇ ਮਦੀਨੇ ਪਹੁੰਚ ਗਈਆਂ। ਇਨ੍ਹਾਂ ਵਿੱਚੋਂ ਸਭ ਤੋਂ ਪਹਿਲੇ ਨੰਬਰ ਤੇ ਮੱਕੇ ਦੇ ਮਰ ਚੁੱਕੇ ਮੁਸ਼ਰਿਕ ਸਰਦਾਰ ਉਕ਼ਬਾ ਬਿਨ ਅਬੀ ਮੁਈਤ ਦੀ ਬੇਟੀ ਉੱਮੇ ਕੁਲਸੂਮ ਸੀ, ਜਿਹੜੀ ਮਾਂ ਦੇ ਵੱਲੋਂ ਹਜ਼ਰਤ ਉਸਮਾਨ ਬਿਨ ਅੱਫ਼ਾਨ ਰਜ਼ਿ ਅੱਲਾਹੁ ਅਨਹੁ ਦੀ ਭੈਣ ਲਗਦੀ ਸੀ। ਉੱਮੇ ਕੁਲਸੂਮ ਬੜੀ ਹਿੰਮਤ ਦਿਖਾ ਕੇ ਲੰਮਾ ਸਫ਼ਰ ਪੈਦਲ ਤੈ ਕਰਕੇ ਮਦੀਨੇ ਪਹੁੰਚੀ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੇਵਾ ਵਿੱਚ ਹਾਜ਼ਿਰ ਹੋ ਕੇ ਆਪਣੇ ਇਸਲਾਮ ਦਾ ਇਜ਼ਹਾਰ ਕੀਤਾ। ਉਸਦੇ ਪਿੱਛੇ ਪਿੱਛੇ ਉਸਦੇ ਦੋ (2) ਕਾਫ਼ਿਰ ਰਿਸ਼ਤੇਦਾਰ ਵੀ ਮਦੀਨੇ ਆ ਗਏ ਅਤੇ ਉਸਦੀ ਵਾਪਸੀ ਦੀ ਮੰਗ ਕਰਨ ਲੱਗੇ। ਉਨ੍ਹਾਂ ਦਾ ਕਹਿਣਾ ਇਹ ਸੀ ਕਿ ਭਾਂਵੇਂ ਸੰਧੀ ਵਿੱਚ ਸਿਰਫ਼ ਮਰਦ ਦਾ ਸ਼ਬਦ ਵਰਤਿਆ ਗਿਆ ਹੈ ਪਰ ਦਰਅਸਲ ਸੰਧੀ ਆਮ ਹੈ ਅਤੇ ਮਰਦਾਂ ਅਤੇ ਔਰਤਾਂ ਦੋਹਾਂ ‘ਤੇ ਬਰਾਬਰ ਅਸਰ ਰੱਖਦੀ ਹੈ। ਉੱਮੇ ਕੁਲਸੂਮ ਸੰਧੀ ਦੇ ਸ਼ਬਦਾਂ ਦੇ ਨਾਲ ਨਾਲ ਕਮਜ਼ੋਰ ਜਿਣਸ ਨਾਲ ਸੰਬੰਧ ਰੱਖਦੀ ਸੀ, ਵਾਪਸੀ ਦੇ ਲਈ ਤਿਆਰ ਨਹੀਂ ਸੀ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸੁਭਾਵਿਕ ਤੌਰ ‘ਤੇ ਅਤੇ ਇਨਸਾਫ਼ ਦੇ ਤੌਰ ‘ਤੇ ਉੱਮੇ ਕੁਲਸੂਮ ਦੇ ਹੱਕ਼ ਵਿੱਚ ਫ਼ੈਸਲਾ ਕੀਤਾ। ਉਨ੍ਹਾਂ ਹੀ ਦਿਨਾਂ ਵਿੱਚ ਇਹ ਆਇਤ ਉੱਤਰੀ ਕਿ ਜੇਕਰ ਕੋਈ ਔਰਤ ਮੱਕੇ ਤੋਂ ਮਦੀਨੇ ਆਏ ਤਾਂ ਉਸਦੀ ਚੰਗੀ ਤਰ੍ਹਾਂ ਪ੍ਰੀਖਿਆ ਕਰ ਲਓ ਅਤੇ ਜੇਕਰ ਉਹ ਨੇਕ ਅਤੇ ਨਿਸ਼ਠਾਵਾਨ ਸਾਬਿਤ ਹੋਵੇ ਤਾਂ ਉਸਨੂੰ ਹਰਗਿਜ਼ ਵਾਪਿਸ ਨਾ ਭੇਜੋ। ਪਰ ਜੇਕਰ ਉਹ ਸ਼ਾਦੀ ਸ਼ੁਦਾ ਹੋਵੇ ਤਾਂ ਉਸਦਾ ਮਿਹਰ ਉਸਦੇ ਮੁਸ਼ਰਿਕ ਪਤੀ ਨੂੰ ਜ਼ਰੂਰ ਅਦਾ ਕਰੋ।

ਸੰਧੀ ਦੀ ਇੱਕ ਸ਼ਰਤ ਇਹ ਸੀ ਕਿ ਜੇਕਰ ਕੋਈ ਮਰਦ ਮੱਕੇ ਤੋਂ ਮਦੀਨੇ ਆਵੇਗਾ ਤਾਂ ਉਸਨੂੰ ਵਾਪਿਸ ਭੇਜਿਆ ਜਾਵੇਗਾ ਪਰ ਜੇਕਰ ਕੋਈ ਮਰਦ ਮਦੀਨੇ ਤੋਂ ਮੱਕੇ ਜਾਵੇਗਾ ਤਾਂ ਕਾਫ਼ਿਰ ਉਸਨੂੰ ਵਾਪਿਸ ਕਰਨ ਦੇ ਪਾਬੰਦ ਨਾ ਹੋਣਗੇ। ਜ਼ਾਹਿਰੀ ਤੌਰ ‘ਤੇ ਇਸ ਸ਼ਰਤ ਤੋਂ ਮੁਸਲਮਾਨਾਂ ਦਾ ਨਿਰਾਦਰ ਮੁਰਾਦ ਲਿਆ ਗਿਆ ਸੀ ਪਰ ਹਕ਼ੀਕ਼ਤ ਵਿੱਚ ਅਜਿਹਾ ਨਹੀਂ ਸੀ। ਸ਼ੁਰੂ ਵਿੱਚ ਹੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾ ਦਿੱਤਾ ਸੀ ਕਿ ਹਾਂ! ਠੀਕ ਹੈ, ਜਿਹੜਾ ਵਿਅਕਤੀ ਮਦੀਨਾ ਛੱਡ ਕੇ ਮੁਸਲਾਨਾਂ ਤੋਂ ਵੱਖ ਹੋ ਜਾਵੇ, ਅਜਿਹੇ ਮੁਨਾਫ਼ਿਕ਼ (ਮੁਨਾਫ਼ਿਕ਼- ਉੱਤੋਂ ਮੁਸਲਮਾਨ ਹੋ ਕੇ ਅੰਦਰੋਂ

ਇਸਲਾਮ ਅਤੇ ਮੁਸਲਮਾਨਾਂ ਨਾਲ਼ ਦੁਸ਼ਮਣੀ ਕਰਨ ਵਾਲਾ ਵਿਅਕਤੀ) ਅਤੇ ਗੰਦੇ ਅੰਗ ਨੂੰ ਮਦੀਨੇ ਵਾਪਿਸ ਲਿਆਉਣ ਦੀ ਕੀ ਲੋੜ ਹੈ। ਹਾਲੇ ਸੰਧੀ ਨੂੰ ਥੋੜਾ ਅਰਸਾ ਹੀ ਲੰਘਿਆ ਸੀ ਕਿ ਅਬੂ ਬਸੀਰ ਜਿਹੜਾ ਮੱਕੇ ਦਾ ਰਹਿਣ ਵਾਲ਼ਾ ਸੀ, ਮੁਸਲਮਾਨ ਹੋ ਕੇ ਮਦੀਨੇ ਆ ਗਿਆ। ਪਰ ਸੰਧੀ ਦੇ ਮੁਤਾਬਿਕ਼ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕਾਫ਼ਿਰਾਂ ਦੀ ਮੰਗ 'ਤੇ ਉਸਨੂੰ ਕਾਫ਼ਿਰਾਂ ਦੇ ਨਾਲ਼ ਭੇਜ ਦਿੱਤਾ। ਜਦ ਇਹ ਪਾਰਟੀ ਉਸਨੂੰ ਨਾਲ਼ ਲੈ ਕੇ ਜਾ ਰਹੀ ਸੀ ਤਾਂ ਰਸਤੇ ਵਿੱਚ ਉਸਨੇ ਮੌਕ਼ਾ ਪਾ ਕੇ ਪਾਰਟੀ ਦੇ ਸਰਦਾਰ ਨੂੰ ਕ਼ਤਲ ਕਰ ਦਿੱਤਾ ਅਤੇ ਦੂਸਰਾ ਵਿਅਕਤੀ ਭੱਜ ਕੇ ਮਦੀਨੇ ਆ ਗਿਆ ਅਤੇ ਉਸਦੇ ਪਿੱਛੇ ਪਿੱਛੇ ਅਬੂ ਬਸੀਰ ਵੀ ਮਦੀਨੇ ਆ ਗਿਆ। ਅਬੂ ਬਸੀਰ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਅਰਜ਼ ਕੀਤੀ ਕਿ ਆਪ (ਸੱਲ-ਲੱਲਾਹੁ ਅਲੈਹਿ-ਵਸੱਲਮ) ਨੇ ਮੈਨੂੰ ਕਾਫ਼ਿਰਾਂ ਦੇ ਹਵਾਲੇ ਕਰ ਦਿੱਤਾ ਸੀ ਇੰਝ ਆਪ ਦੀ ਜ਼ਿੰਮੇਦਾਰੀ ਖ਼ਤਮ ਹੋ ਗਈ, ਪਰ ਖ਼ੁਦਾ ਨੇ ਮੈਨੂੰ ਜ਼ਾਲਿਮ ਕ਼ੌਮ ਤੋਂ ਛੁਟਕਾਰਾ ਦੇ ਦਿੱਤਾ ਹੈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਇਹ ਵਿਅਕਤੀ ਤਾਂ ਜੰਗ ਦੀ ਅੱਗ ਭੜਕਾ ਰਿਹਾ ਹੈ। ਇਸ 'ਤੇ ਅਬੂ ਬਸੀਰ ਨੇ ਇਹ ਜਾਣ ਕੇ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਤਾਂ ਉਸਨੂੰ ਹਰ ਹਾਲ ਵਿੱਚ ਸੰਧੀ ਦੇ ਕਾਰਣ ਵਾਪਿਸ ਜਾਣ ਦਾ ਇਰਸ਼ਾਦ ਕਰਨਗੇ, ਉਹ ਚੁੱਪ ਕਰਕੇ ਮਦੀਨੇ 'ਚੋਂ ਨਿਕਲ ਗਿਆ ਅਤੇ ਇੱਕ ਅਲਗ ਜਗ੍ਹਾ 'ਤੇ ਆਪਣਾ ਟਿਕਾਣਾ ਬਣਾ ਲਿਆ। ਜਦ ਮੱਕੇ ਦੇ ਦੂਸਰੇ ਕਮਜ਼ੋਰ ਮੁਸਲਮਾਨਾਂ ਨੂੰ ਅਬੂ ਬਸੀਰ ਦੇ ਅਲਗ ਟਿਕਾਣੇ ਦਾ ਪਤਾ ਲੱਗਾ ਤਾਂ ਉਹ ਵੀ ਹੌਲ਼ੀ ਹੌਲ਼ੀ ਉੱਥੇ ਜਮ੍ਹਾ ਹੋਣਾ ਸ਼ੁਰੂ ਹੋ ਗਏ। ਉਨ੍ਹਾਂ ਲੋਕਾਂ ਵਿੱਚ ਮੱਕਾ ਦੇ ਸਰਦਾਰ ਸੁਹੈਲ ਬਿਨ ਅਮ੍ਰ ਦਾ ਬੇਟਾ ਅਬੂ ਜੰਦਲ ਵੀ ਸੀ। ਉਨ੍ਹਾਂ ਲੋਕਾਂ ਦੀ ਗਿਣਤੀ ਸੱਤਰ ਅਤੇ ਕੁੱਝ ਰਿਵਾਇਤਾਂ ਵਿੱਚ ਤਿੰਨ ਸੌ ਤੱਕ ਬਿਆਨ ਕੀਤੀ ਗਈ ਹੈ, ਇਸ ਤਰ੍ਹਾਂ ਹੌਲ਼ੀ ਹੌਲ਼ੀ ਮਦੀਨੇ ਦੇ ਇਲਾਵਾ ਇੱਕ ਹੋਰ ਮੁਸਲਮਾਨ ਰਿਆਸਤ ਵਜੂਦ ਵਿੱਚ ਆ ਗਈ। ਕਿਉਂਕਿ ਇਹ ਇਲਾਕ਼ਾ ਸ਼ਾਮ ਦੇ ਰਸਤੇ ਵਿੱਚ ਸੀ ਇਸ ਲਈ ਉਨ੍ਹਾਂ ਮੁਸਲਮਾਨਾਂ ਦੀ ਅਕਸਰ ਕਾਫ਼ਿਰਾਂ ਨਾਲ਼ ਮੁੱਠ ਭੇੜ ਹੁੰਦੀ ਰਹਿੰਦੀ ਅਤੇ ਇਸ ਨਵੇਂ ਯੁੱਧ ਖੇਤਰ ਤੋਂ ਤੰਗ ਆ ਕੇ ਆਪ ਕਾਫ਼ਿਰਾਂ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਪ੍ਰਾਰਥਨਾ ਕੀਤੀ ਕਿ ਇਨ੍ਹਾਂ ਮੁਸਲਮਾਨਾਂ ਨੂੰ ਵੀ ਮਦੀਨੇ ਬੁਲਾ ਲਓ। ਜਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਖ਼ਤ ਅਬੂ ਜੰਦਲ ਅਤੇ ਅਬੂ ਬਸੀਰ ਦੇ ਕੋਲ਼ ਪਹੁੰਚਿਆ ਤਾਂ ਅਬੂ ਬਸੀਰ ਬੀਮਾਰ ਹੋ ਕੇ ਮੰਜੇ 'ਤੇ ਸਨ, ਉਨ੍ਹਾਂ ਨੇ ਬੜੇ ਸ਼ੌਕ਼ ਨਾਲ਼ ਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਖ਼ਤ ਨੂੰ ਹੱਥ ਵਿੱਚ ਫੜੇ ਰੱਖਿਆ ਅਤੇ ਇਸੇ ਹਾਲਤ ਵਿੱਚ ਉਨ੍ਹਾਂ ਦੀ ਵਫ਼ਾਤ ਹੋ ਗਈ ਜਦਕਿ ਬਾਕ਼ੀ ਮੁਸਲਮਾਨ ਮਦੀਨੇ ਆ ਗਏ।

ਯੋਰਪ ਦੇ ਕੁੱਝ ਆਲੋਚਨਾ ਕਰਨ ਵਾਲ਼ੇ ਆਪਣੀ ਆਦਤ ਦੇ ਮੁਤਾਬਿਕ਼ ਐਤਰਾਜ਼ ਕਰਦੇ ਹਨ, ਇਨ੍ਹਾਂ ਐਤਰਾਜ਼ਾਂ ਵਿੱਚੋਂ ਧਿਆਨ ਦੇਣ ਲਾਇਕ਼ ਦੋ (2) ਐਤਰਾਜ਼ਾਂ 'ਤੇ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਟਿੱਪਣੀ ਕੀਤੀ ਹੈ, ਜਿਨ੍ਹਾਂ ਵਿੱਚੋਂ ਪਹਿਲਾਂ ਐਤਰਾਜ਼ ਔਰਤਾਂ ਨੂੰ ਵਾਪਿਸ ਨਾ ਕਰਨ 'ਤੇ ਸੰਧੀ ਦੀ ਖ਼ਿਲਾਫ਼ ਵਰਜ਼ੀ ਦਾ ਹੈ ਅਤੇ ਦੂਸਰਾ ਐਤਰਾਜ਼ ਅਬੂ ਬਸੀਰ ਅਤੇ ਅਬੂ ਜੰਦਲ ਦੇ ਵਾਕ਼ਿਆ 'ਤੇ ਹੈ।

ਇਨ੍ਹਾਂ ਐਤਰਾਜ਼ਾਂ ਦੇ ਜਵਾਬ ਵਿੱਚ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪਹਿਲੀ ਗੱਲ ਕਿ ਇਹ ਸੰਧੀ ਮੱਕੇ ਦੇ ਕਾਫ਼ਿਰਾਂ ਨਾਲ਼ ਹੋਈ ਸੀ ਜਿਹੜੇ ਪਹਿਲੇ ਦਿਨ ਤੋਂ ਹੀ ਮੁਸਲਮਾਨਾਂ ਦੇ ਖ਼ਿਲਾਫ਼ ਦੁਸ਼ਮਣੀ ਕਰਦੇ ਚਲੇ ਆ ਰਹੇ ਸਨ। ਫਿਰ ਇਹ ਕਿ ਆਪ ਮੱਕੇ ਦੇ ਕਾਫ਼ਿਰਾਂ ਦੀ ਗਵਾਹੀ ਮੌਜੂਦ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕਦੀ ਵੀ ਸੰਧੀਆਂ ਦੀ ਖ਼ਿਲਾਫ਼ ਵਰਜ਼ੀ ਨਹੀਂ ਕੀਤੀ। ਜਦ ਰੋਮ ਦੇ ਬਾਦਸ਼ਾਹ ਹਰਕ਼ਲ ਨੂੰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਤਬਲੀਗ਼ੀ ਖ਼ਤ (ਪ੍ਰਚਾਰਕ ਪੱਤਰ) ਮਿਲਿਆ ਤਾਂ ਉਸਨੇ ਅਬੂ ਸੁਫ਼ਯਾਨ ਨੂੰ, ਜਿਹੜਾ ਕਾਫ਼ਿਰਾਂ ਦਾ ਸਰਦਾਰ ਸੀ ਅਤੇ ਉਸ ਵੇਲ਼ੇ ਸ਼ਾਮ ਵਿੱਚ ਮੌਜੂਦ ਸੀ, ਬੁਲਾਇਆ ਅਤੇ ਇਹੀ ਸਵਾਲ ਕੀਤਾ ਤਾਂ ਅਬੂ ਸੁਫ਼ਯਾਨ ਨੇ ਜਵਾਬ 'ਚ ਕਿਹਾ ਕਿ ਨਹੀਂ! ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਨੇ ਕਦੀ ਸੰਧੀਆਂ ਦੀ ਖ਼ਿਲਾਫ਼ ਵਰਜ਼ੀ ਨਹੀਂ ਕੀਤੀ।

ਔਰਤਾਂ ਦੀ ਵਾਪਸੀ ਦੇ ਐਤਰਾਜ਼ 'ਤੇ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਸਹੀਹ ਬੁਖ਼ਾਰੀ ਵਿੱਚ ਅੰਕਿਤ ਸ਼ਬਦ ਨਕ਼ਲ ਕਰਕੇ ਫ਼ਰਮਾਇਆ ਕਿ ਇਨ੍ਹਾਂ ਸਪਸ਼ਟ ਅਤੇ ਬਗ਼ੈਰ ਸ਼ਰਤ ਵਾਲ਼ੇ ਸ਼ਬਦਾਂ ਦੇ ਹੁੰਦੇ ਹੋਏ ਇਹ ਐਤਰਾਜ਼ ਕਰਨਾ ਸਿਰਫ਼ ਬੇ ਇਨਸਾਫ਼ੀ ਨਹੀਂ ਬਲਕਿ ਬਹੁਤ ਵੱਡੀ ਬਦ ਦਿਆਨਤੀ ਹੈ। ਜੇਕਰ ਇਹ ਕਿਹਾ ਜਾਵੇ ਕਿ ਇਤਿਹਾਸ ਦੀਆਂ ਕੁੱਝ ਰਿਵਾਇਤਾਂ ਵਿੱਚ ਸੰਧੀ ਦੇ ਸ਼ਬਦਾਂ ਵਿੱਚ "ਮਰਦ" ਦੇ ਸ਼ਬਦ ਨਹੀਂ ਬਲਕਿ ਆਮ ਸ਼ਬਦ ਵਰਤੇ ਗਏ ਹਨ ਜਿਨ੍ਹਾਂ ਤੋਂ ਮਰਦ ਅਤੇ ਔਰਤ ਦੋਵੇਂ ਮੁਰਾਦ ਲਏ ਜਾਂ ਸਕਦੇ ਹਨ। ਇਸਦਾ ਜਵਾਬ ਇਹ ਹੈ ਕਿ

ਪਹਿਲੀ ਗੱਲ ਇਹ ਕਿ ਮਜ਼ਬੂਤ ਰਿਵਾਇਤ ਜਿਸ ਵਿੱਚ “ਮਰਦ” ਦਾ ਸ਼ਬਦ ਆਉਂਦਾ ਹੈ ਉਸਨੂੰ ਹੀ ਪ੍ਰਾਥਮਿਕਤਾ ਦਿੱਤੀ ਜਾਵੇਗੀ। ਦੂਸਰੀ ਗੱਲ ਇਹ ਕਿ ਇਸਤਿਹਾਸਿਕ ਰਿਵਾਇਤਾਂ, ਜਿਨ੍ਹਾਂ ਵਿੱਚ ਵੱਖ ਵੱਖ ਸ਼ਬਦ ਆਉਂਦੇ ਹਨ ਉਹ ਵੀ ਇਹੀ ਵਿਆਖਿਆ ਕਰਦੀਆਂ ਹਨ, ਜੋ ਕੀਤੀ ਗਈ ਹੈ। ਉਦਾਹਰਣ ਵਜੋਂ ਸੀਤਰ ਇਬਨਿ ਹੱਸ਼ਾਮ ਵਿੱਚ ਜਿਹੜੇ ਸ਼ਬਦ ਹਨ ਉੱਥੇ ਭਾਂਵੇਂ “ਮਰਦ” ਦਾ ਸ਼ਬਦ ਨਹੀਂ ਹੈ ਪਰ ਸਾਰਾ ਵਿਆਕਰਣ ਉਹੀ ਹੈ ਜਿਹੜਾ ਮਰਦਾਂ ਲਈ ਵਰਤਿਆ ਜਾਂਦਾ ਹੈ।

ਦੂਸਰਾ ਐਤਰਾਜ਼ ਜਿਹੜਾ ਅਬੂ ਬਸੀਰ ਦੇ ਵਾਕ਼ਿਆ ਨਾਲ਼ ਸੰਬੰਧ ਰੱਖਦਾ ਹੈ, ਇਹ ਵੀ ਗ਼ੌਰ ਕਰਨ ‘ਤੇ ਬਿਲਕੁਲ ਬੇਹੂਦਾ ਐਤਰਾਜ਼ ਜਾਪਦਾ ਹੈ। ਬੇਸ਼ੱਕ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਹ ਸੰਧੀ ਕੀਤੀ ਸੀ ਪਰ ਸਵਾਲ ਇਹ ਹੈ ਕਿ ਕੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਸ ਸੰਧੀ ਦੀ ਖ਼ਿਲਾਫ਼ ਵਰਜ਼ੀ ਕੀਤੀ? ਹਰਗਿਜ਼ ਨਹੀਂ! ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਤਾਂ ਇਸ ਸੰਧੀ ਦੀ ਪਾਬੰਦੀ ਦਾ ਸ਼ਾਨਦਾਰ ਨਮੂਨਾ ਦਿਖਾਇਆ।

ਗ਼ੌਰ ਕਰੋ! ਅਬੂ ਬਸੀਰ ਇਸਲਾਮ ਦੀ ਸੱਚਾਈ ਦਾ ਕ਼ਾਇਲ ਹੋ ਕੇ ਮੱਕੇ ਤੋਂ ਭੱਜਦਾ ਹੈ, ਲੁਕਦਾ ਲੁਕਾਉਂਦਾ ਮਦੀਨੇ ਪਹੁੰਚ ਜਾਂਦਾ ਹੈ, ਪਰ ਉਸਦੇ ਜ਼ਾਲਿਮ ਰਿਸ਼ਤੇਦਾਰ ਉਸਦੇ ਪਿੱਛੇ ਪਹੁੰਚ ਜਾਂਦੇ ਹਨ ਅਤੇ ਉਸਨੂੰ ਜ਼ਬਰਦਸਤੀ ਤਲਵਾਰ ਦੇ ਜ਼ੋਰ ਨਾਲ਼ ਵਾਪਿਸ ਲੈ ਜਾਣਾ ਚਾਹੁੰਦੇ ਹਨ, ਦੋਵੇਂ ਗਿਰੋਹ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੇਵਾ ਵਿੱਚ ਹਾਜ਼ਿਰ ਹੁੰਦੇ ਹਨ। ਅਬੂ ਬਸੀਰ ਭਰੀ ਹੋਈ ਆਵਾਜ਼ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਅਰਜ਼ ਕਰਦਾ ਹੈ ਕਿ ਹੇ ਰਸੂਲੁੱਲਾਹ! ਮੈਨੂੰ ਖ਼ੁਦਾ ਨੇ ਇਸਲਾਮ ਦੀ ਨਿਅਮਤ ਤੋਂ ਨਵਾਜ਼ਿਆ ਹੈ ਅਤੇ ਮੱਕੇ ਵਾਪਿਸ ਜਾਣ ਵਿੱਚ ਦੁੱਖ ਅਤੇ ਤਕਲੀਫ਼ ਦੀ ਜ਼ਿੰਦਗੀ ਮੇਰੇ ਸਾਹਮਣੇ ਹੈ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਜਾਣਦੇ ਹੋ। ਖ਼ੁਦਾ ਦੇ ਵਾਸਤੇ ਮੈਨੂੰ ਵਾਪਿਸ ਨਾ ਭਿਜਵਾਓ। ਦੂਸਰੇ ਪਾਸੇ ਅਬੂ ਬਸੀਰ ਦੇ ਰਿਸ਼ਤੇਦਾਰ ਸੰਧੀ ਦਾ ਹਵਾਲਾ ਦਿੰਦੇ ਹਨ, ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਆਪਣੇ ਦਿਲ ਵਿੱਚ ਗਹਿਰਾ ਸਦਮਾ ਸੀ ਪਰ ਅਜਿਹੇ ਵੇਲ਼ੇ ਵੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਅਮਾਨਤ ਅਤੇ ਦਿਆਨਤ ਦਾ ਪੂਰਾ ਖ਼ਿਆਲ ਰੱਖਿਆ।

ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ, ਹੇ ਅਬੂ ਬਸੀਰ! ਤੂੰ ਜਾਣਦਾ ਹੈਂ ਕਿ ਅਸੀਂ ਇਨ੍ਹਾਂ ਲੋਕਾਂ ਨੂੰ ਆਪਣਾ ਵਚਨ ਦੇ ਚੁੱਕੇ ਹਾਂ, ਅਤੇ ਸਾਡੇ ਧਰਮ ਵਿੱਚ ਵਚਨ ਤੋੜਨਾ ਜਾਇਜ਼ ਨਹੀਂ। ਬਸ! ਤੂੰ ਇਨ੍ਹਾਂ ਲੋਕਾਂ ਨਾਲ਼ ਚਲਾ ਜਾ ਅਤੇ ਜੇਕਰ ਫਿਰ ਤੂੰ ਇਸਲਾਮ ‘ਤੇ ਸਬਰ ਅਤੇ ਦ੍ਰਿੜਤਾ ਨਾਲ਼ ਕ਼ਾਇਮ ਰਹੇਂਗਾ ਤਾਂ ਖ਼ੁਦਾ ਤੇਰੇ ਲਈ ਅਤੇ ਤੇਰੇ ਵਰਗੇ ਮਜ਼ਲੂਮਾਂ ਲਈ ਆਪ ਕੋਈ ਨਿਜਾਤ ਦਾ ਰਸਤਾ ਖੋਲ੍ਹ ਦੇਵੇਗਾ। ਇਸ ਇਰਸ਼ਾਦਿ ਨਬਵੀ ‘ਤੇ ਅਬੂ ਬਸੀਰ ਵਾਪਿਸ ਚਲਿਆ ਗਿਆ। ਇਸ ਵਾਕ਼ਿਆ ਦੇ ਬਾਅਦ ਦੀਆਂ ਗੱਲਾਂ ਕਾਰਣ ਜੇਕਰ ਇਹ ਐਤਰਾਜ਼ ਕੀਤਾ ਜਾਵੇ ਕਿ ਮਦੀਨੇ ‘ਚੋਂ ਨਿਕਲਣ ਵਾਲ਼ਾ ਵਿਅਕਤੀ ਭਾਂਵੇਂ ਜਿੱਥੇ ਵੀ ਹੋਵੇ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਉਸਨੂੰ ਮੱਕੇ ਪਹੁੰਚਾਉਣ ਦੇ ਜ਼ਿੰਮੇਦਾਰ ਹੋਣਗੇ, ਤਾਂ ਸੰਧੀ ਵਿੱਚ ਕੋਈ ਵੀ ਅਜਿਹੀ ਸ਼ਰਤ ਨਹੀਂ ਸੀ। ਮਦੀਨੇ ਦੀ ਰਿਆਸਤ ਤੋਂ ਬਾਹਰ ਲੋਕਾਂ ਨੂੰ ਮੱਕੇ ਪਹੁੰਚਾਉਣ ਦਾ ਜ਼ਿੰਮੇਦਾਰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਕ਼ਰਾਰ ਦੇਣਾ ਅਕ਼ਲ ਦੇ ਖ਼ਿਲਾਫ਼ ਗੱਲ ਹੈ। ਇਹ ਸ਼ਰਤਾਂ ਮੱਕੇ ਦੇ ਕਾਫ਼ਿਰਾਂ ਨੇ ਆਪ ਰੱਖੀਆਂ ਸਨ, ਅਤੇ ਜਿਹੜੇ ਕੰਡੇ ਉਨ੍ਹਾਂ ਨੇ ਆਪ ਬੀਜੇ ਸਨ, ਉਹ ਆਪ ਹੀ ਉਨ੍ਹਾਂ ਦਾ ਸ਼ਿਕਾਰ ਹੋ ਗਏ। ਬੇਸ਼ੱਕ ਉਹ ਲੋਕ ਜਿਹੜੇ ਅਬੂ ਬਸੀਰ ਨਾਲ਼ ਉਸ ਇਲਾਕ਼ੇ ਵਿੱਚ ਜਮ੍ਹਾ ਹੋਏ, ਧਾਰਮਿਕ ਲਿਹਾਜ਼ ਨਾਲ਼ ਮੁਸਲਮਾਨ ਸਨ, ਪਰ ਦੁਨਿਆਵੀ, ਸਿਆਸੀ, ਹਕੂਮਤੀ ਅਤੇ ਕ਼ਾਨੂਨੀ ਲਿਹਾਜ਼ ਨਾਲ਼ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਉਨ੍ਹਾਂ ‘ਤੇ ਕੋਈ ਹੱਕ਼ ਨਹੀਂ ਸੀ। ਇਹ ਸ਼ਰਤ ਕਿ ਉਹ ਲੋਕ ਸਿਆਸੀ ਲਿਹਾਜ਼ ਨਾਲ਼ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਤਹਿਤ ਨਾ ਹੋਣ, ਆਪ ਕਾਫ਼ਿਰਾਂ ਨੇ ਰੱਖੀ ਸੀ। ਜਦ ਆਪ ਕਾਫ਼ਿਰਾਂ ਨੇ ਉਨ੍ਹਾਂ ਮੁਸਲਮਾਨਾਂ ਨੂੰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਰਿਆਸਤ ਵਿੱਚੋਂ ਕੱਢ ਦਿੱਤਾ ਤਾਂ ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ‘ਤੇ ਐਤਰਾਜ਼ ਕੈਸਾ? ਇਹ ਮੱਕੇ ਦੇ ਕਾਫ਼ਿਰਾਂ ਦਾ ਆਪਣਾ ਫ਼ਰੇਬ ਸੀ, ਜਿਹੜਾ ਆਪ ਹੀ ਉਨ੍ਹਾਂ ਉੱਤੇ ਜਾ ਪਿਆ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਦਾਮਨ ਪਾਕ ਦਾ ਪਾਕ ਰਿਹਾ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸੰਧੀ ਦੇ ਸ਼ਬਦਾਂ ਨੂੰ ਵੀ ਪੂਰਾ ਕੀਤਾ ਅਤੇ ਅਬੂ ਬਸੀਰ ਨੂੰ ਮੱਕੇ ਵਾਲਿਆਂ ਦੇ ਹਵਾਲੇ ਕਰਦੇ ਹੋਏ ਮਦੀਨੇ ਤੋਂ ਤੋਰ ਦਿੱਤਾ ਅਤੇ ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸੰਧੀ ਦੀ ਰੂਹ ਨੂੰ ਵੀ ਪੂਰਾ ਕੀਤਾ ਅਤੇ ਅਬੂ ਬਸੀਰ ਅਤੇ ਉਸਦੇ ਸਾਥੀਆਂ ਨੂੰ ਆਪਣੀ ਰਿਆਸਤ ਦੇ ਦਾਇਰੇ ‘ਚੋਂ ਬਾਹਰ ਰੱਖਿਆ। ਪਰ ਇਹ ਲੋਕ ਇਨਸਾਫ਼ ਤੋਂ ਕੰਮ ਨਹੀਂ ਲੈਂਦੇ ਅਤੇ ਇਸਲਾਮ ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਜ਼ਾਤ ‘ਤੇ ਬੇ ਬੁਨਿਆਦ ਐਤਰਾਜ਼ ਕਰਦੇ ਹਨ।

ਹਜ਼ੂਰ ਅਨਵਰ ਨੇ ਖ਼ੁਤਬੇ ਦੇ ਆਖ਼ਿਰ ‘ਤੇ ਫ਼ਰਮਾਇਆ ਕਿ ਅੱਜ ਵੀ ਇਨਸਾਫ਼ ਦੇ ਦਾਅਵੇਦਾਰਾਂ ਦੇ ਇਹੀ ਦੋਹਰੇ ਮਿਆਰ ਹਨ, ਅੱਜ ਵੀ ਇਸੇ ਚੀਜ਼ ਨੇ ਦੁਨੀਆ ਵਿੱਚ ਫ਼ਸਾਦ ਪੈਦਾ ਕੀਤਾ ਹੋਇਆ ਹੈ। ਅੱਲਾਹ ਤਆਲਾ ਅੱਜ ਵੀ ਦੁਨੀਆ ਨੂੰ ਅਤੇ ਖ਼ਾਸ ਤੌਰ ‘ਤੇ ਮੁਸਲਮਾਨਾਂ ਨੂੰ ਇਨ੍ਹਾਂ ਦੱਜਾਲੀ ਫ਼ਿਤਨਿਆਂ ਤੋਂ ਬਚਾ ਕੇ ਰੱਖੇ।

أَلْحَمْدُ لِلّٰہِ نَحْمَدُہٗ وَنَسْتَعِيْنُہٗ وَنَسْتَغْفِرُہٗ وَنَعُوْذُ بِاللّٰہِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّھْدِہِ اللّٰہُ فَلَا مُضِلَّ لَہٗ وَمَنْ يُّضْلِلْہُ فَلَا ھَادِیَ لَہٗ وَأَشْھَدُ أَنْ لَّآ إِلٰہَ إِلَّا اللّٰہُ وَحْدَہٗ لَا شَرِيْكَ لَہٗ وَأَشْھَدُ أَنَّ مُحَمَّدًا عَبْدُہٗ وَرَسُوْلُہٗ ۞ عِبَادَ اللّٰہِ رَحِمَکُمُ اللّٰہُ إِنَّ اللّٰہَ يَأْمُرُ بِالْعَدْلِ وَالْإِحْسَانِ وَإِيْتَآءِ ذِی الْقُرْبٰى وَيَنْھٰى عَنِ الْفَحْشَآءِ وَالْمُنْكَرِ وَالْبَغْیِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰہَ يَذْكُرْكُمْ وَادْعُوْہُ يَسْتَجِبْ لَكُمْ وَلَذِكْرُ اللّٰہِ أَكْبَرُ ۞